ਅੱਜ ਮਿਤੀ 27 ਫੱਗਣ ਨਾਨਕਸ਼ਾਹੀ ਸੰਮਤ 542 (10 ਮਾਰਚ 2011) ਨੂੰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਰਕਾਬ ਗੰਜ ਸਾਹਿਬ ਕੰਪਲੈਕਸ ਵਿਖੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰ. ਪਰਮਜੀਤ ਸਿੰਘ ਸਰਨਾ ਦੀ ਪ੍ਰਧਾਨਗੀ ਹੇਠ ਹੋਇਆ ਦੇਸ਼ ਵਿਦੇਸ਼ ਦੇ ਸਿੱਖ ਚਿੰਤਕਾਂ, ਇਤਿਹਾਸਕਾਰਾਂ, ਖਗੋਲ ਭਗੋਲ ਸ਼ਾਸਤਰੀਆਂ, ਪੰਥ ਪ੍ਰਤੀਨਿਧ ਜਥੇਬੰਦੀਆਂ ਅਤੇ ਧਾਰਮਿਕ ਸਖਸ਼ੀਅਤਾਂ ਦਾ ਮਹਾਨ ਇਕੱਠ ਸਰਸੰਮਤੀ ਨਾਲ ਪ੍ਰਵਾਨ ਕਰਦਾ ਹੈ ਕਿ :

1. ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ 2003 ਵਿੱਚ ਪ੍ਰਵਾਨ ਕੀਤਾ ਗਿਆ ਮੂਲ ਨਾਨਕਸ਼ਾਹੀ ਕੈਲੰਡਰ ਹੀ ਸਮੁੱਚੇ ਸਿੱਖ ਜਗਤ ਦੀ ਅੱਡਰੀ, ਨਿਆਰੀ ਤੇ ਵਿਲੱਖਣ ਹੋਂਦ ਹਸਤੀ ਦਾ ਪ੍ਰਤੀਕ ਹੈ ਅਤੇ ਇਹੀ ਕੈਲੰਡਰ ਸਮੁੱਚੇ ਸਿੱਖ ਜਗਤ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਦਾ ਹੈ।

2. ਇਸ ਕੈਲੰਡਰ ਨੂੰ ਤਿਆਰ ਕਰਨ ਲਈ ਆਪਣੇ ਜੀਵਨ ਦਾ ਅਹਿਮ ਤੇ ਵੱਡਮੁੱਲਾ ਹਿੱਸਾ ਪੰਥ ਦੇ ਲੇਖੇ ਲਾਉਣ ਵਾਲੇ ਸ੍ਰ. ਪਾਲ ਸਿੰਘ ਪੁਰੇਵਾਲ ਸਮੁੱਚੀ ਸਿੱਖ ਕੌਮ ਦੇ ਸਤਿਕਾਰਤ ਵਿਦਵਾਨ ਹਨ ਅਤੇ ਉਨ੍ਹਾਂ ਵੱਲੋਂ ਘਾਲੀ ਗਈ ਘਾਲਣਾ ਕਦੇ ਵੀ ਭੁਲਾਈ ਨਹੀਂ ਜਾ ਸਕਦੀ ਤੇ ਸਿੱਖ ਕੌਮ ਹਮੇਸ਼ਾਂ ਉਨ੍ਹਾਂ ਦੀ ਰਿਣੀ
ਰਹੇਗੀ।

3. ਅੱਜ ਦਾ ਇਹ ਸੰਗਤੀ ਇਕੱਠ ਮਹਿਸੂਸ ਕਰਦਾ ਹੈ ਕਿ ਸਾਲ 2010 ਵਿੱਚ ਨਾਨਕਸ਼ਾਹੀ ਕੈਲੰਡਰ ਵਿੱਚ ਕੀਤੀਆਂ ਗਈਆਂ ਸੋਧਾਂ ਗੈਰ ਸਿਧਾਂਤਕ, ਗੈਰ ਵਿਗਿਆਨਕ ਅਤੇ ਆਦਰਸ਼ਵਿਹੂਣੀਆਂ ਹਨ। ਨਾਨਕਸ਼ਾਹੀ ਕੈਲੰਡਰ ਦੇ ਮੂਲ ਰੂਪ ਨੂੰ ਖਤਮ ਕਰਨ ਪਿੱਛੇ ਪੰਥ ਵਿਰੋਧੀ ਸ਼ਕਤੀਆਂ ਆਰ.ਐਸ.ਐਸ. ਤੇ ਉਸਦੀਆਂ ਭਾਈਵਾਲ ਸੰਸਥਾਵਾਂ ਹਨ ਜੋ ਕਿ ਸਿੱਖ ਪੰਥ ਦੀ ਆਜ਼ਾਦ ਹੋਂਦ ਹਸਤੀ ਨੂੰ ਖਤਮ ਕਰਨ ਦੀ ਮਨਸ਼ਾ ਨਾਲ ਸਾਜਿਸ਼ਾਂ ਰੱਚਦੀਆਂ ਰਹਿੰਦੀਆਂ ਹਨ। ਸਿਆਸੀ ਦਬਾਅ ਹੇਠ ਸਾਲ 2010 ਵਿੱਚ ਇਹ ਅਖੌਤੀ ਸੋਧਾਂ ਕਰਨ ਸਮੇਂ ਕਿਸੇ ਵੀ ਸਿੱਖ ਪ੍ਰਤੀਨਿੱਧ ਇਕੱਤਰਤਾ, ਸਿੱਖ ਵਿਦਵਾਨਾਂ, ਕੈਲੰਡਰ ਮਾਹਿਰਾਂ ਜਾਂ ਇਤਿਹਾਸਕਾਰਾਂ ਦੀ ਰਾਏ ਅਤੇ ਸਹਿਮਤੀ ਨਹੀਂ ਲਈ ਗਈ। ਇਸ ਕਰਕੇ ਇਨ੍ਹਾਂ ਅਖੌਤੀ ਸੋਧਾਂ ਨੂੰ ਅਪ੍ਰਵਾਨ ਕੀਤਾ ਜਾਂਦਾ ਹੈ।

4. ਅਮਰੀਕਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਦੇਸ਼ ਵਿਦੇਸ਼ ਦੀਆਂ ਸਿੰਘ ਸਭਾਵਾਂ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਜਿਨ੍ਹਾਂ ਨੇ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਪ੍ਰਵਾਨ ਕਰਦਿਆਂ 14 ਮਾਰਚ 2011 ਨੂੰ ਰਿਲੀਜ਼ ਕਰਨ ਦਾ ਐਲਾਨ ਕੀਤਾ ਹੈ। ਉਨ੍ਹਾਂ ਸਭ ਦਾ ਧੰਨਵਾਦ ਕਰਦਿਆਂ ਕੀਤੇ ਗਏ ਉਪਰਾਲੇ ਦਾ ਸਵਾਗਤ ਕੀਤਾ ਜਾਂਦਾ ਹੈ।

5. ਸਮੁੱਚੇ ਸਿੱਖ ਜਗਤ ਨੂੰ ਅਪੀਲ ਕੀਤੀ ਜਾਂਦੀ ਹੈ ਸਿੱਖ ਪੰਥ ਦੀ ਆਜ਼ਾਦ ਹਸਤੀ ਦੇ ਪ੍ਰਤੀਕ ਨਾਨਕਸ਼ਾਹੀ ਕਲੈਂਡਰ 2003 ’ਤੇ ਹੀ ਅਮਲ ਜਾਰੀ ਰੱਖਿਆ ਜਾਵੇ।

6. ਸਾਲ 2010 ਵਿੱਚ ਕੀਤੀਆਂ ਗਈਆਂ ਸੋਧਾਂ ਨੇ ਕੌਮ ਵਿੱਚ ਦੁਬਿਧਾ ਪੈਦਾ ਕਰਕੇ ਵੰਡੀਆਂ ਪਾ ਦਿੱਤੀਆਂ ਹਨ ਅਤੇ ਕੌਮ ਅੰਦਰ ਖਾਨਾਜੰਗੀ ਦੇ ਹਾਲਾਤ ਬਣ ਰਹੇ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਅਪੀਲ ਕੀਤੀ ਜਾਂਦਾ ਹੈ ਕਿ ਉਹ ਇਹ ਦੁਬਿਧਾ ਖਤਮ ਕਰਨ ਦੇ ਲਈ ਤੁਰੰਤ ਉਪਰਾਲੇ ਕੀਤੇ ਜਾਣ। ਜੇਕਰ ਸੂਰਜੀ ਕੈਲੰਡਰ ਮੁਤਾਬਿਕ ਕੋਈ ਯੋਗ ਇਤਰਾਜ ਹੋਵੇ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬਣਾਈ ਹੋਈ ਕਮੇਟੀ ਵਿੱਚ ਵਿਚਾਰ ਲਿਆ ਜਾਵੇ। ਜੇਕਰ ਇਸ ਕਮੇਟੀ ਵਿੱਚ ਕੋਈ ਵਾਧਾ ਕਰਨਾ ਯੋਗ ਸਮਝਦੇ ਹੋਣ ਤਾਂ ਕੀਤਾ ਜਾਵੇ। ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੰਸਾਰ ਭਰ ਦੇ ਸਿੱਖ ਚਿੰਤਕਾਂ, ਇਤਿਹਾਸਕਾਰ, ਖਗੋਲ ਭੁਗੋਲ ਸ਼ਾਸਤਰੀਆਂ ਅਤੇ ਨਾਨਕਸ਼ਾਹੀ ਕੈਲੰਡਰ 2003 ਤਿਆਰ ਕਰਨ ਵਾਲੀ ਨਿਰਣਾ ਕਮੇਟੀ ਦੇ ਮੈਂਬਰਾਂ ਦੀ ਇਕੱਤਰਤਾ ਬੁਲਾਈ ਜਾਵੇ, ਲੇਕਿਨ ਇਹ ਯਕੀਨੀ ਬਣਾਇਆ ਜਾਵੇ ਇਸ ਇਕੱਤਰਤਾ ਵਿੱਚ ਕੇਵਲ ਤੇ ਕੇਵਲ ਉਹੀ ਸਿੱਖ ਚਿੰਤਕ, ਸਿੱਖ ਸੰਸਥਾਵਾਂ ਦੇ ਨੁਮਾਇੰਦੇ ਸੱਦੇ ਜਾਣ। ਜੋ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਨੂੰ ਮੰਨਦੇ ਹੋਏ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੰਥ ਪ੍ਰਵਾਨਿਤ ਰਹਿਤ ਮਰਿਆਦਾ ’ਤੇ ਖੁਦ ਆਪ ਅਮਲ ਕਰਦੇ ਹੋਣ ਅਤੇ ਸਿੱਖ ਸੰਗਤਾਂ ਨੂੰ ਪ੍ਰੇਰਦੇ ਹੋਣ।